# ਦਫਤਰ ਜਿਲਾ ਸਿਖਿਆ ਅਫਸਰ(ਸੈ ਸਿ) ਬਠਿੰਡਾ

**Room No.455, Mini Secretariate, 3rd floor,**

ਮੇਲ ਆਈ ਡੀ deosebathinda@punjab education.gov.in


ਵੱਲ,

ਸਮੂਹ ਸਕੂਲ ਮੁਖੀ,
ਜਿਲ੍ਹਾ ਬਠਿੰਡਾ।

ਪੱਤਰ ਨੰ: ਜੀ-1/1 ( )2023/ 3054
ਮਿਤੀ: 26.04.2023

ਵਿਸ਼ਾ: ਸਕੂਲਾਂ ਵਿਚ ਲੱਗੇ ਕੈਮਰਿਆਂ ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵਲੋਂ ਮਿਤੀ 24.04.2023 ਨੂੰ ਹੋਈ ਮੀਟਿੰਗ ਦੌਰਾਨ ਪ੍ਰਾਪਤ ਆਦੇਸ਼ਾਂ ਦੀ ਪਾਲਣਾ ਹਿਤ ਆਪ ਨੂੰ ਲਿਖਿਆ ਜਾਦਾ ਹੈ ਕਿ ਆਪ ਦੇ ਸਕੂਲਾਂ ਵਿਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਨੂੰ ਚਾਲੂ ਹਾਲਤ ਵਿਚ ਰੱਖਿਆ ਜਾਵੇ ਤਾਂ ਜ਼ੋ ਸਕੂਲ ਵਿਚ ਹੋਣ ਵਾਲੀਆਂ ਗੈਰ ਸਮਾਜਿਕ ਗਤੀਵਿਧੀਆਂ (ਜਿਵੇਂ ਕਿ ਨਸ਼ੇ, ਸਕੂਲ ਦੇ ਸਮਾਨ ਦੀ ਚੋਰੀ ਅਤੇ ਭੰਨ ਤੋੜ ਆਦਿ) ਨਜ਼ਰ ਰੱਖੀ ਜਾ ਸਕੇ ਅਤੇ ਸਕੂਲ ਮੁਖੀ ਇਹਨਾਂ ਸੀ ਸੀ ਟੀ ਵੀ ਕੈਮਰਿਆਂ ਦੀ ਰਿਕਾਰਡਿੰਗ ਸਮੇ ਸਮੇ ਤੇ ਦੇਖਣ ਤਾਂ ਕਿ ਸਕੂਲ ਵਿਚ ਜੇਕਰ ਕੋਈ ਗੈਰ ਸਮਾਜਿਕ ਗਤੀਵਿਧੀਆਂ ਹੁੰਦੀਆਂ ਹਨ ਤਾਂ ਉਹਨਾਂ ਪ੍ਰਤੀ ਸਕੂਲ ਮੁਖੀ ਇਹਨਾਂ ਗਤੀਵਿਧੀਆਂ ਨੂੰ ਹਟਾ ਸਕਣ ਅਤੇ ਵਿਦਿਆਰਥੀਆਂ ਨੂੰ ਨਸ਼ੇ ਦੇ ਪ੍ਰਭਾਵ ਤੋਂ ਬਚਾਇਆ ਜਾ ਸਕੇ।

ਮਾਨਯੋਗ ਡਿਪਟੀ ਕਮਿਸ਼ਨਰ ਜੀ ਵਲੋਂ ਉਕਤ ਮੀਟਿੰਗ ਵਿਚ ਇਹ ਵੀ ਆਦੇਸ਼ ਦਿੱਤੇ ਗਏ ਹਨ ਕਿ ਜਿਲ੍ਹਾ ਅਤੇ ਬਲਾਕ ਪੱਧਰ ਅਧਿਕਾਰੀਆਂ ਦੁਆਰਾ ਸਕੂਲ ਵਿਜਿਟ ਕਰਨ ਦੌਰਾਨ ਡੀ ਵੀ ਆਰ ਦੀ ਰਿਕਾਰਡਿੰਗ (ਖਾਸ ਤੌਰ ਤੇ ਨਸ਼ਿਆਂ ਦੇ ਸੇਵਨ ਸਬੰਧੀ) ਚੈਕ ਕੀਤੀ ਜਾਵੇ। ਸਕੂਲ ਮੁਖੀਆਂ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਡੀ ਵੀ ਆਰ ਦੀ ਰਿਕਾਰਡਿੰਗ **protect** ਰਹੇ।

26/04/2023
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਬਠਿੰਡਾ